# ਖੁੱਲ੍ਹੇ ਲੇਖ ਭਾਸ਼ਾ ਅਤੇ ਵਾਰਤਕ ਸ਼ੈਲੀ ਦੀਆਂ ਵਿਸ਼ੇਸ਼ਤਾਵਾਂ

**ਸ਼ੈਲੀ**:-

ਕਿਸੇ ਵੀ ਰਚਨਾ ਵਿੱਚ ਲੇਖਕ ਦੇ ਨਿੱਜ ਦੀ ਛਾਪ ਅਤੇ ਬਾਕੀ ਲੇਖਕਾਂ ਨਾਲੋਂ ਵੱਖਰੀ ਪਹਿਚਾਣੀ ਜਾ ਸਕਣ ਵਾਲੀ ਨੁਹਾਰ, ਸ਼ੈਲੀ ਹੈ।

ਵਾਰਤਕ ਇੱਕ ਉਸਾਰੂ ਕਲਾ ਹੈ। ਉਚਤਮ ਵਾਰਤਕ ਸ਼ੈਲੀ ਦੇ ਪ੍ਰਮੁੱਖ ਗੁਣ ਹੇਠ ਲਿਖੇ ਹਨ।

- ਸਪੱਸ਼ਟਤਾ
- ਸਹਿਜਤਾ
- ਸੁਭਾਵਿਕਤਾ

- ਸੰਗਠਤਾ
- ਸੰਜਮਤਾ
- ਨਿਡਰਤਾ
- ਸ਼ਕਤੀ
- ਖੁੱਲ੍ਹਾ ਵਹਾਅ

ਪੁਸਤਕ ਖੁੱਲ੍ਹੇ ਲੇਖ ਦੀ ਵਾਰਤਕ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ–

- ਸੁਹਜਾਤਮਕ ਸ਼ੈਲੀ
- ਬੌਧਿਕਤਾ ਅਤੇ ਕਲਪਨਾ ਦਾ ਸੁਮੇਲ
- ਵਿਚਾਰਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ
- ਕਾਵਿਕਤਾ

- ਪ੍ਰਸ਼ਨੋਤਰੀ ਸ਼ੈਲੀ
- ਵਿਅੰਗਾਤਮਕ ਸ਼ੈਲੀ
- ਸੰਬੋਧਨੀ ਸ਼ੈਲੀ
- ਅੰਤਰਮੁਖਤਾ

- ਉਪਦੇਸ਼ਾਤਮਕ ਸ਼ੈਲੀ
- ਵਰਣਾਤਮਕ ਸ਼ੈਲੀ
- ਤੱਥਾਤਮਕ ਸ਼ੈਲੀ

**ਸੁਹਜਾਤਮਕ ਸ਼ੈਲੀ:-**

ਸੁਹਜਾਤਮਕ ਸਾਹਿਤ ਤੋਂ ਭਾਵ ਜਿਸ ਨੂੰ ਪੜ੍ਹ ਕੇ ਅਨੰਦ ਦੀ ਪ੍ਰਾਪਤੀ ਹੁੰਦੀ ਹੋਵੇ।ਖੁੱਲ੍ਹੇ ਲੇਖ ਵਿਚ ਪਾਠਕ ਦੇ ਸੁਹਜ ਦੀ ਤ੍ਰਿਪਤੀ ਹੁੰਦੀ ਹੈ।

ਪ੍ਰੋ. ਪੂਰਨ ਸਿੰਘ ਸੁਹਜ ਪ੍ਰਤੀ ਬਹੁਤ ਚੇਤੰਨ ਹੈ ਉਹ ‘ਪੰਜਾਬੀ ਸਾਹਿਤਯ ਪਰ ਕਟਾਖਯ’ ਵਿਚ ਲਿਖਦਾ ਹੈ:

‘ਸੁੰਦਰਤਾ ਇਲਾਹੀ ਜਲਵਾ ਹੈ, ਇਹ ਕਦੇ ਤੇਰੇ (ਚੰਦ) ਵਿਚੋਂ ਝਾਤੀਆਂ ਮਾਰਦੀ ਹੈ ਕਦੇ ਵਹਿੰਦੇ ਪਾਣੀਆਂ ਵਿਚੋਂ ਝਾਕੇ ਦੇਂਦੀ ਹੈ, ਕਦੇ ਪਹਾੜਾਂ ਵਿਚੋਂ ਉਮੜ ਉਮੜ ਪੈਂਦੀ ਹੈ।’

**ਬੌਧਿਕਤਾ ਅਤੇ ਕਲਪਨਾ ਦਾ ਸੁਮੇਲ:-**

ਪ੍ਰੋ. ਪੂਰਨ ਸਿੰਘ ਰੁਮਾਂਸਵਾਦੀ ਹੋਣ ਕਾਰਨ ਕਲਪਨਾ ਅਤੇ ਗਿਆਨਵਾਨ ਹੋਣ ਕਾਰਨ ਬੌਧਿਕਤਾ ਇਹਨਾਂ ਦੋਹਾਂ ਦੇ ਸੁਮੇਲ ਨੂੰ ਵਾਰਤਕ ਵਿਚ ਬਰਕਰਾਰ ਰੱਖਦਾ ਹੈ।

ਉਹ ਭਾਵਨਾਵਾਂ ਨੂੰ ਬੌਧਿਕਤਾ ਵਿਚ ਰੰਗ ਕੇ ਪੇਸ਼ ਕਰਦਾ ਹੈ ਅਤੇ ਲਿਖਦਾ ਹੈ:

‘ਪਿਆਰ ਇਸ ਅੰਸ਼ ਵਿਚ ਸਦਾ ਵੈਰਾਗਵਾਨ ਕੋਮਲਤਾ ਹੈ,ਜਿਸ ਵਿਚ ਹਰ ਘੜੀ ਅਖੰਡ ਅਤੇ ਸੀਮਾ ਰਹਿਤ ਤਿਆਗ ਹੈ।’

**ਵਿਚਾਰਾਂ ਦੀ ਵਿਆਖਿਆ ਅਤੇ ਵਿਸ਼ਲੇਸ਼ਣ:-**

ਪ੍ਰੋ. ਪੂਰਨ ਸਿੰਘ ਆਪਣੇ ਵਿਚਾਰਾਂ ਦੀ ਵਿਆਖਿਆ ਵਿਸਤ੍ਰਿਤ ਰੂਪ ਵਿਚ ਕਰਦਾ ਹੈ ਅਤੇ ਨਾਲ ਹੀ ਆਪਣੇ ਵਿਚਾਰਾਂ ਦੀ ਪ੍ਰੋੜਤਾ ਅਤੇ ਵਿਸ਼ਲੇਸ਼ਣ ਵੀ ਕਰਦਾ ਹੈ। ਲੇਖਕ ਕੋਲ ਗਿਆਨ ਦੀ ਬਹੁਲਤਾ ਹੋਣ ਕਾਰਨ ਵੀ ਖੁੱਲ੍ਹੇ ਲੇਖ ਵਿਚ ਵਿਆਖਿਆ ਅਤੇ ਵਿਸ਼ਲੇਸ਼ਣ ਪੈਦਾ ਹੋਇਆ ਹੈ।

ਕਾਵਿਕਤਾ:-

ਪ੍ਰੋ.ਪੂਰਨ ਸਿੰਘ ਮੁੱਖ ਤੌਰ ‘ਤੇ ਕਵੀ ਹੋਣ ਕਰਕੇ ਉਸਦੀ ਵਾਰਤਕ ਵਿਚ ਵੀ ਕਵਿਤਾ ਦੇ ਅੰਸ਼ ਪਏ ਹੋਏ ਹਨ।ਪੰਜਾਬੀ ਕਵਿਤਾ ਵਿਚ ਸੈਲਾਨੀ ਛੰਦ ਪ੍ਰੋ. ਪੂਰਨ ਸਿੰਘ ਦੀ ਦੇਣ ਹੈ।ਉਹ ਕਵਿਤਾ ਲਿਖਣ ਸਮੇਂ ਕਿਸੇ ਵਜ਼ਨ, ਤੋਲ, ਤੁਕਾਂਤ ਦੀ ਬੰਦਿਸ਼ ਵਿਚ ਨਹੀਂ ਪੈਂਦਾ, ਇਹ ਉਸਦੀ ਵਾਰਤਕ ਦਾ ਮੁੱਖ ਗੁਣ ਹੈ।

ਉਹ ਜ਼ਜਬਾਤਾਂ ਦੇ ਵੇਗ ਵਿਚ ਆਪਣੇ ਵਿਚਾਰਾਂ ਨੂੰ ਕਾਵਿ-ਮਈ ਸ਼ੈਲੀ ਵਿਚ ਇਸ ਪ੍ਰਕਾਰ ਪੇਸ਼ ਕਰਦਾ ਹੈ:-

'ਕਾਲੇ ਕਾਲੇ ਬੱਦਲ ਜਦ
ਘਟਾ-ਟੋਪ ਆਣ ਪਰਬਤਾਂ 'ਤੇ ਛਾਂਦੇ ਹਨ,
ਪਰਤੀਤ ਹੁੰਦਾ ਹੈ ਕਾਲੀ ਪ੍ਰਲੈ ਆ ਗਈ ਹੈ।'

**ਪ੍ਰਸ਼ਨੋਤਰੀ ਸ਼ੈਲੀ:-**

ਪਾਠਕ ਦੇ ਮਨ ਵਿਚ ਉਤਸਕਤਾ ਪੈਦਾ ਕਰਨ ਲਈ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਕੀਤੀ ਜਾਂਦੀ ਹੈ। ਆਪਣੇ ਹੀ ਵਿਚਾਰਾਂ ਅੱਗੇ ਪ੍ਰਸ਼ਨ ਚਿੰਨ੍ਹ ਲਗਾ ਕੇ ਪ੍ਰੋ. ਪੂਰਨ ਸਿੰਘ ਉਸਦਾ ਹੱਲ ਲੱਭਦਾ ਹੈ। ਫਿਰ ਉੱਤਰ ਦੇ ਕੇ ਵਿਚਾਰਾਂ ਨੂੰ ਸਪੱਸ਼ਟ ਕਰਦਾ ਹੈ।

ਕਈ ਵਾਰ ਤਾਂ ਅਜਿਹੇ ਪ੍ਰਸ਼ਨ ਪੈਦਾ ਕਰਦਾ ਹੈ ਜਿਸਦਾ ਉੱਤਰ ਦੁਨੀਆ ਵਿਚ ਕਿਸੇ ਕੋਲ ਵੀ ਨਹੀਂ। ਜਿਵੇਂ:-

‘ਕਦ ਬਣੀ ਦੁਨੀਆ? ਕਿਸ ਬਣਾਈ? ਕੌਣ ਹੈ? ਕੋਈ ਕਿੱਥੇ ਹੈ? ਕਿਧਰੋਂ ਆਇਆ? ਕਿਧਰ ਜਾਸੀ?

ਕੀ? ਇਧਰ? ਕਿੱਥੇ? ਕਿਉਂ? ਬਸ ਇਸ ਬਿਜਲੀ ਵਾਂਗ ਪੈਂਦੇ ਸਵਾਲਾਂ ਦਾ ਕੋਈ ਜਵਾਬ ਨਹੀਂ ਦੇ ਸਕਦਾ ਤੇ ਮਾਰਿਆ ਜਾਂਦਾ ਹੈ।'

(ਕੀਰਤ ਤੇ ਮਿੱਠਾ ਬੋਲਣਾ)

**ਵਿਅੰਗਾਤਮਕ ਸ਼ੈਲੀ:-**

ਗੱਲ ਨਾਲ ਅਸਿੱਧਾ ਪ੍ਰਹਾਰ ਕਰਨਾ ਵਿਅੰਗ ਹੈ। ਪ੍ਰੋ. ਪੂਰਨ ਸਿੰਘ ਨੇ ਵਿਅੰਗ ਦੀ ਵਰਤੋਂ ਕੀਤੀ ਹੈ। ਉਹ ਆਪਣੀ ਗੱਲ ਨੂੰ ਅਜਿਹੇ ਢੰਗ ਨਾਲ ਪੇਸ਼ ਕਰੇ ਜੋ ਸਾਰਿਆਂ ਹਮਾਇਤੀਆਂ ਅਤੇ ਵਿਰੋਧੀਆਂ ਲਈ ਮੰਨਣਯੋਗ ਹੋਵੇ।

ਅਤੇ ਕਿਸੇ ਦੇ ਮਨ ਨੂੰ ਚੋਟ ਨਾ ਪਹੁੰਚਾਏ ਇਸ ਮਨੋਰਥ ਦੀ ਸਿੱਧੀ ਲਈ ਪੂਰਨ ਸਿੰਘ ਲਿਖਦਾ ਹੈ:-

‘ਠੀਕ ਹੈ ਜਾਨਵਰਾਂ ਦੇ ਸਰੀਰ ਥੀਂ ਅਸੀਂ ਉੱਡ ਆਏ
ਪਰ, ਮਨੁੱਖਾਂ ਦੀ ਸ਼ਕਲ ਵਿਚ ਹਾਲੇ ਅਸੀਂ, ਸ਼ੇਰ,
ਬਘਿਆੜ, ਲੂੰਬੜ ਆਦਿ ਹੀ ਹਾਂ।’

**ਸੰਬੋਧਨੀ ਸ਼ੈਲੀ :-**

ਇਸ ਸ਼ੈਲੀ ਵਿਚ ਦੋ ਧਿਰਾਂ ਹੋਣੀਆਂ ਜ਼ਰੂਰੀ ਹਨ। ਇੱਕ ਧਿਰ ਦੂਜੀ ਧਿਰ ਨੂੰ ਸੰਬੋਧਨ ਕਰਦੀ ਹੈ। ਖੁੱਲ੍ਹੇ ਲੇਖ ਪੁਸਤਕ ਵਿਚ ਵੀ ਪੰਜਾਬੀ ਸਾਹਿਤਯ ਪਰ ਕਟਾਖਯ ਵਿਚ ਸੰਬੋਧਨੀ ਸ਼ਬਦ ਵਰਤੇ ਗਏ ਹਨ

ਜਿਵੇਂ :-

- ਓ ਭੋਲਿਓ
- ਓ ਸਾਥੀਓ

**ਅੰਤਰਮੁਖਤਾ** :-

ਅੰਤਰਮੁਖੀ ਹੁੰਦਿਆਂ ਹੋਇਆ ਉਸ ਨੇ ਆਪਣੇ ਜੀਵਨ ਨਾਲ ਸੰਬੰਧਿਤ ਅਹਿਮ ਘਟਨਾਵਾਂ 'ਤੇ ਸਵੈ-ਜੀਵਨੀਮੂਲਕ ਅੰਸ਼ਾਂ ਰਾਹੀ ਚਾਨਣਾ ਪਾਇਆ। ਇਕ ਪੂਰਾ ਨਿਬੰਧ ਹੈ ਜਿਸ ਵਿਚ ਜੀਵਨੀਮੂਲਕ ਵੇਰਵੇ ਦਿੱਤੇ ਹਨ।

ਜਿਵੇਂ :-

**ਆਪਣੇ ਮਨ ਨਾਲ ਗੱਲਾਂ** ਨਿਬੰਧ ਵਿਚ

‘ ਬਾਲਪਨ ਗਿਆ, ਲੜਕਪਨ ਆਇਆ।
ਮਾਪਿਆਂ ਨੇ ਪੜ੍ਹਨ ਪਾਇਆ,ਕਦੀ
ਮਸੀਤੇ ਘੱਲਿਆ,ਕਦੀ ਧਰਮਸ਼ਾਲੇ। ’

**ਉਪਦੇਸ਼ਾਤਮਕ ਸ਼ੈਲੀ :-**

ਜਦੋਂ ਲੇਖਕ ਸਰਬਗਿਆਤਾ ਬਣ ਜਾਵੇ ਉਸਦੇ ਬਿਆਨ ਵਿਚ ਉਪਦੇਸ਼ ਹੁੰਦਾ ਹੈ। ਇਹ ਵਾਰਤਕ ਦਾ ਨਕਾਰਾਤਮਕ ਪੱਖ ਹੈ।ਪਰ ਜੋ ਉਪਦੇਸ਼ ਪ੍ਰੋ.ਪੂਰਨ ਸਿੰਘ ਨੇ ਆਪਣੇ ਲੇਖਾਂ ਵਿਚ ਪੇਸ਼ ਕੀਤੇ ਹਨ ਉਹਨਾਂ ਦਾ ਮਨੋਰਥ ਵਧੀਆ ਹੈ।

ਜਿਵੇਂ:- **ਵਤਨ ਦਾ ਪਿਆਰ** ਵਿਚ ਕਿਹਾ ਗਿਆ ਹੈ

‘ਮਿਹਨਤ ਕਿਰਤ ਕਰੀਏ,
ਆਪਾ ਕੰਮ ਵਿਚ ਇੰਨਾ
ਮਾਰੀਏ ਕਿ ਚੰਮ ਦ੍ਰਿਸ਼ਟੀ ਰਹੇ ਹੀ ਨਾ।’

**ਵਰਣਾਤਮਕ ਸ਼ੈਲੀ :-**

ਬਹੁਤ ਸਾਰੀਆਂ ਘਟਨਾਵਾਂ ਦਾ ਵਰਨਣ ਕਰਦੇ ਸਮੇਂ ਉਸ ਵਿਚ ਗਲਪੀ ਅੰਸ਼ ਆ ਜਾਂਦੇ ਹਨ ਪ੍ਰੋ. ਪੂਰਨ ਸਿੰਘ ਬਹੁਤ ਜ਼ਿਆਦਾ ਘਟਨਾਵਾਂ ਦਾ ਵਰਨਣ ਕਰਦਾ ਹੈ ਜਿਵੇਂ **ਜਾਪਾਨੀ ਨਾਇਕਾ ਦੀ ਜੀਵਨ ਕਥਾ**

ਉਹ ਕਈ ਵਾਰ ਬਿਰਤਾਂਤ ਵਿਚਲੇ ਪਾਤਰਾਂ ਦੇ ਆਪਸੀ ਵਾਰਤਾਲਾਪ ਵੀ ਕਰਵਾਉਂਦਾ ਹੈ। ਦ੍ਰਿਸ਼ ਬਿੰਬ,ਵਾਰਤਾਲਾਪੀ, ਬ੍ਰਿਤਾਤ ਅਤੇ ਗਲਪਮਈ ਸ਼ੈਲੀ ਦਾ ਮਿਲਿਆ ਜੁਲਿਆ ਸਰੂਪ ਇਸ ਵਾਰਤਕ ਵਿਚ ਵੇਖਣ ਨੂੰ ਮਿਲਦਾ ਹੈ।

ਵੇਖੋ ਉਦਾਹਰਨ:-

ਨੌਜੁਆਨ ਨੇ ਕਿਹਾ, ‘‘ਆਪ ਮੈਨੂੰ ਮਾਫ਼ੀ ਦੇਣਾ ਕਿ ਮੈਂ ਇਸ ਤਰ੍ਹਾਂ ਆਪ ਦੇ ਮੁੱਤਬਰਕ ਨਾਚ ਨੂੰ ਵੇਖਣ ਲਈ ਮਜਬੂਰ ਹੋਇਆ।’’ ਉਹ ਕਹਿਣ ਲੱਗੀ,’’ਨਹੀਂ, ਸਗੋਂ ਆਪ ਨੇ ਮਾਫ਼ੀ ਦੇਣੀ ਕਿ ਮੈਂ ਨੇ ਆਪ ਦੀ ਨੀਂਦਰ ਉਕਤਾਈ।’’

ਤੱਥਾਤਮਕ :-

ਵਾਰਤਕ ਨੂੰ ਤੱਥਾਤਮਕ ਅਹਿਮੀਅਤ ਪ੍ਰਦਾਨ ਕਰਨ ਲਈ ਆਮ ਤੌਰ 'ਤੇ ਇਤਿਹਾਸ ਵਿਚੋਂ ਅਤੇ ਯਥਾਰਥਕ ਘਟਨਾਵਾਂ ਵਿਚੋਂ ਹਵਾਲੇ ਦਿੱਤੇ ਜਾਂਦੇ ਹਨ

ਪਰ ਪ੍ਰੋ. ਪੂਰਨ ਸਿੰਘ ਨੇ ਮਿਥਿਹਾਸ ਵਿਚੋਂ ਵੀ ਹਵਾਲੇ ਲਏ ਹਨ। ਵੇਖੋ ਉਦਾਹਰਨ :-

'ਹੋਲੀ ਤਾਂ ਕਿਸੇ ਜਾਦੂ ਦੀ ਕਲਾ ਕਰਕੇ
ਸੜਨ ਲੱਗੀ ਕਿ ਪ੍ਰਹਲਾਦ
ਇਸ ਵਿਉਂਤ ਨਾਲ ਸੜ ਜਾਸੀ।'

## ਸਿੱਟਾ:-

ਪ੍ਰੋ.ਪੂਰਨ ਸਿੰਘ ਦੀ ਸ਼ੈਲੀ ਪ੍ਰਮਾਣਿਕ ਸਾਹਿਤ ਮਾਪਦੰਡਾਂ ਦੇ ਮੁਤਾਬਕ ਸਰਲ, ਸਪੱਸ਼ਟ, ਨਿਆਇਸ਼ੀਲ ਨਹੀਂ  ਸਗੋਂ ਔਖੀ, ਅਸਪੱਸ਼ਟ ਅਤੇ ਪ੍ਰਭਾਵਵਾਦੀ ਹੈ।ਪੰਜਾਬੀ ਵਾਰਤਕ ਖੇਤਰ ਵਿਚ ਉਸਨੇ ਵਿਲੱਖਣ ਅਤੇ ਨਵੇਕਲੀ ਸ਼ੈਲੀ ਦੀ ਵਰਤੋਂ ਕੀਤੀ।

ਪੂਰਨ ਸਿੰਘ ਦਾ ਅਨੁਭਵ ਵਿਅਕਤਗਤ ਹੈ ਅਤੇ ਉਸਦੀ ਸ਼ੈਲੀ ਧੁੰਦਲੀ ਅਤੇ ਰੁਮਾਂਚਿਕ ਹੈ।ਉਸਦਾ ਅਨੁਭਵ ਵੀ ਨਿੱਜੀ ਅਤੇ ਸ਼ੈਲੀ ਵੀ ਨਿੱਜੀ ਹੈ। ਉਸਦੀ ਤਬੀਅਤ ਦਾ ਅਲਬੇਲਾਪਨ ਉਸਦੀ ਸ਼ੈਲੀ ਵਿਚ ਵੀ ਵਿਦਮਾਨ ਹੈ।

# ਖੁੱਲ੍ਹੇ ਲੇਖ ਦੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ

ਭਾਸ਼ਾ:-

ਪ੍ਰੋ. ਪੂਰਨ ਸਿੰਘ ਨੇ ਖੁੱਲ੍ਹੇ ਲੇਖ ਵਿਚ ਕੇਂਦਰੀ ਪੰਜਾਬੀ ਦੀ ਵਰਤੋਂ ਕੀਤੀ ਹੈ। ਜਿਸ ਵਿਚ ਕੁਝ ਪੋਠੋਹਾਰੀ ਸ਼ਬਦ ਵੀ ਮਿਲ ਜਾਂਦੇ ਹਨ ਜਿਵੇਂ:-

- ਜਾਵਾਂਗਾ ਦੀ ਥਾਂ ਜਾਸਾਂ
- ਤੋਂ ਦੀ ਥਾਂ ਥੀਂ
- ਸੀ,ਸਨ ਦੀ ਥਾਂ ਸ਼ੈ,ਸੌ

- ਵਿਆਕਰਨਿਕ ਤਰੁੱਟੀਆਂ ਵੀ ਮਿਲਦੀਆਂ ਹਨ ਜਿਵੇਂ :-

  'ਪੰਜਾਬੀ ਬੋਲੀ ਮੈਂ ਮਾਂ ਦੇ ਦੁੱਧ ਨਾਲ ਇੰਨੀ ਨਹੀਂ ਸਿੱਖੀ, ਹੁਣ ਵੀ ਪੈਂਤੀ ਦੇ ਕਈ ਅੱਖਰ ਮੈਨੂੰ ਲਿਖਣੇ ਨਹੀਂ ਆਉਂਦੇ।'

- ਸ਼ਬਦ ਜੋੜ ਦੀਆਂ ਕਈ ਗਲਤੀਆਂ ਮਿਲਦੀਆਂ ਹਨ ਜਿਵੇਂ:-

| ਗਲਤ | ਸਹੀ |
| --- | --- |
| ਸਬ | ਸਭ |
| ਲੈਈ | ਲਈ |
| ਲਿਖਨ | ਲਿਖਣ |

- ਸਧਾਰਨ ਵਾਕਾਂ ਦੀ ਵਰਤੋਂ ਘੱਟ ਕੀਤੀ ਗਈ ਹੈ ਜਦਕਿ ਮਿਸ਼ਰਤ ਅਤੇ ਸੰਯੁਕਤ ਵਾਕਾਂ ਦੀ ਵਰਤੋਂ ਵਧੇਰੇ ਕੀਤੀ ਗਈ ਹੈ।
- ਵਾਕਾਂ ਦੀ ਬਣਤਰ ਕਈ ਥਾਵਾਂ ਤੇ ਗ਼ਲਤ ਹੈ।
- ਪੈਰ੍ਹਿਆਂ ਦੀ ਗ਼ਲਤ ਵੰਡ ਕੀਤੀ ਗਈ ਹੈ। ਇਕ ਪੈਰ੍ਹਾ ਤਿੰਨ ਤੋਂ ਚਾਰ ਸਫਿਆਂ ਦਾ ਮਿਲਦਾ ਹੈ।
- ਸ਼ਬਦ ਚੋਣ ਵਿਸ਼ਿਆਂ ਦੇ ਅਨੁਕੂਲ ਹੈ।

- ਗੁਰਮੁਖੀ ਭਾਸ਼ਾ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ।
- ਅਲੰਕਾਰਿਕ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ।
- ਕਈ ਅਖਾਣ ਮੁਹਾਵਰਿਆਂ ਦੀ ਵਰਤੋਂ ਕੀਤੀ ਗਈ ਹੈ।

ਜਿਵੇਂ:-

ਨੇਹੁੰ ਨਾ ਲੱਗਦੇ ਜੋਰੀਂ

ਅਖਾਣ ਮੁਹਾਵਰੇ:-

ਜੋੜੀਆਂ ਜਗ ਥੋੜੀਆਂ

ਛਾਤੀ ਤੇ ਮੂੰਗ ਦਲਣਾ

ਘੱਟਾ ਪਵਾਉਣਾ

ਖੇਹ ਛਾਨਣਾ

- ਅਜਿਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜੋ ਵਰਤਮਾਨ ਦੌਰ ਵਿਚ ਪੰਜਾਬੀ ਵਿਚੋਂ ਗਾਇਬ ਹੋ ਚੁੱਕੀ ਹੈ। ਜਿਵੇਂ:-

  ਇੱਦਾਂ

  ਜਾਵਣ

  ਅਮੂੜ

  ਤੀਮੀਂ

- ਯ ਧੁਨੀ ਦੀ ਵਰਤੋਂ ਖ਼ੂਬ ਕੀਤੀ ਗਈ ਹੈ ਜਿਵੇਂ:-

  ਮਾਯਾ

  ਕੰਨਯਾ

  ਕਾਵਯ

  ਸਾਹਿਤਯ

ਯ ਧੁਨੀ ਦੀ ਵਰਤੋਂ :-

ਵਿਦਯਾ

ਆਯਾ

ਪੁੰਨਯ

ਵੈਰਾਗਯ

ਸੰਨਯਾਸੀ

- ਕੁਝ ਅਜਿਹੇ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਦੀ ਪਹਿਲੀ ਵਾਰ ਵਰਤੋਂ ਪ੍ਰੋ.ਪੂਰਨ ਸ਼ਿੰਘ ਨੇ ਕੀਤੀ। ਜਿਵੇਂ:-

  ਰੱਬਤਾ

  ਉਜਲਤਾ

  ਮਾਯਾਵੀ

  ਅਦਲਾਘਾ

- ਪ੍ਰੋ.ਪੂਰਨ ਸਿੰਘ ਦੀ ਵਾਰਤਕ ਦੇ ਕੁਝ ਵਾਕ ਅਜਿਹੇ ਹਨ ਜੋ ਗੂੜ ਸੱਚਾਈਆਂ ਬਣ ਚੁੱਕੇ ਹਨ ਜਿਵੇਂ:-
- ਕਵਿਤਾ ਨੈਣਾਂ ਵਿਚ ਸੁਪਨੇ ਲਟਕਾ ਦਿੰਦੀ ਹੈ।
- ਕਵਿਤਾ ਪਿਆਰ ਦਾ ਕੰਵਾਰਾਪਨ ਹੈ।
- ਪਿਆਰ ਵਿਚ ਮੋਏ ਬੰਦਿਆਂ ਦੇ ਮਿੱਠੇ ਬਚਨ ਕਵਿਤਾ ਹਨ।

- ਖੁੱਲ੍ਹੇ ਲੇਖ ਵਿਚ ਵਰਤੀ ਗਈ ਸ਼ਬਦਾਵਲੀ ਵਿਚ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਸ਼ਾਮਲ ਹਨ ਜਿਵੇਂ:-

**ਅੰਗਰੇਜ਼ੀ ਸ਼ਬਦ**

- ਸਰਕਲ
- ਆਰਟਿਸਟ
- ਸਾਈਜ਼

- ਲਿਰਿਕ
- ਟੈਕਸ
- ਪਾਰਲੀਮੈਂਟ
- ਪ੍ਰੈਜ਼ੀਡੈਂਟ
- ਆਰਟ
- ਐਬਸਲਿਊਟ

## ਉਰਦੂ ਫ਼ਾਰਸੀ ਸ਼ਬਦ

- ਮਖ਼ਲੂਕ
- ਸ਼ਿਕਵਾ
- ਅਜੀਬ
- ਅਕਲ
- ਕਰਾਮਾਤ

- ਕ੍ਸ਼ਮਾ
- ਇਲਾਹੀ
- ਚਸ਼ਮਾਂ
- ਖ਼ੁਦਰਤ
- ਕਸ਼ਮਕਸ਼
- ਮਾਫ਼ੀ
- ਮੁਰਸ਼ਦ

**ਸੰਸਕ੍ਰਿਤ ਦੇ ਸ਼ਬਦ :-**

- ਵੈਰਾਗਯ
- ਸਾਹਿਤਯ
- ਮਾਯਾ
- ਗਿਆਨੀ
- ਦਿਵਯ
- ਪਦਾਰਥ

- ਅੰਮ੍ਰਿਤ
- ਮੂਰਤੀ
- ਅਕਥਨਿਯ
- ਸੰਬਾਦ
- ਬਿਹਬਲ
- ਪ੍ਰਕਾਸ਼

ਇਸ ਪ੍ਰਕਾਰ ਪ੍ਰੋ ਪੂਰਨ ਸਿੰਘ ਦੀ ਵਾਰਤਕ ਵਿਚ ਵਿਭਿੰਨ ਭਾਸ਼ਾਵਾਂ ਦੇ ਸ਼ਬਦਾਂ ਦਾ ਭੰਡਾਰ ਵੇਖਣ ਨੂੰ ਮਿਲਦਾ ਹੈ। ਉਹ ਪੰਜਾਬੀ ਹਿੰਦੀ ਸੰਸਕ੍ਰਿਤ ਆਦਿ ਮਿਸ਼ਰਤ ਸ਼ਬਦਾਵਲੀ ਦੀ ਵਰਤੋਂ ਕਰਦਾ ਹੈ।

ਡਾ.ਮਨਦੀਪ ਕੌਰ
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਐੱਚ.ਐੱਮ.ਵੀ ਜਲੰਧਰ